# ਰੋਜ਼ਾਨਾਂ ਕਰਾਇਮ ਰਿਪੋਰਟ ਮਿਤੀ 26.04.25 ਵਕਤ 12.00 ਏ.ਐਮ.ਤੋਂ 12.00 ਏ.ਐਮ. ਤੱਕ

## ਏ.ਡੀ.ਸੀ.ਪੀ-1

1.ਏ.ਸੀ.ਪੀ./ਸਾਊਥ (ਸੀ. ਡਵੀਜਨ, ਸੁਲਤਾਨਵਿੰਡ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸੁਲਤਾਨਵਿੰਡ** | 52 Dt 26-4-25 u/s 333, 324(4), 3(5) BNS | ਦਲੀਪ ਸਿੰਘ | ਹਰਸੁਰਦੀਪ ਸਿੰਘ | ਇਹ ਮਕੱਦਮਾ ਮੁਦੱਈ ਦਲੀਪ ਸਿੰਘ ਦੇ ਬਿਆਨ ਪਰ ਦਰਜ ਰਜਿਸਟਰ ਕੀਤਾ ਗਿਆ ਕਿ ਮਿਤੀ ਮਿਤੀ 18.04.2025 ਨੂੰ ਉਹ ਆਪਣੇ ਘਰ ਮੌਜੂਦ ਸੀ ਕਿ ਰਾਤ ਕ੍ਰੀਬ 8/8.30 ਵਜੇ ਉਸਦੇ ਘਰ ਦਾ ਬਾਹਰਲਾ ਗੇਟ ਜੋ ਬੰਦ ਸੀ।ਜੋ ਘਰ ਦੇ ਬਾਹਰ ਉਸਦੇ ਤਾਏ ਸਹੁਰੇ ਦਾ ਪੋਤਰਾ ਹਰਸੁਰਦੀਪ ਸਿੰਘ ਅਤੇ ਹੋਰ ਤਿੰਨ ਅਣਪਛਾਤੇ ਨੌਜਵਾਨਾ ਨੇ ਕਿਰਪਾਨਾਂ ਅਤੇ ਦਾਤਰਾਂ ਉਸਦੇ ਘਰ ਦੇ **ਮੇਨ ਗੇਟ ਉੱਪਰ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਲਲਕਾਰੇ ਮਾਰਦੇ ਰਹੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਰਹੇ**।ਇਸ ਬਾਰੇ ਉਸਨੇ ਘਰ ਦੇ ਅੰਦਰ ਲੱਗੇ ਸੀ.ਸੀ.ਟੀ.ਵੀ ਕੈਮਰਿਆ ਰਾਹੀਂ ਵੇਖਿਆ।ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ASI Vikramjit Singh |
| 2. | **ਸੁਲਤਾਨਵਿੰਡ** | 53 dt 26-4-25 u/s 115(2), 126(2), 351(2), 3(5) BNS | ਅਜੀਤ ਸਿੰਘ | ਨਾਮਾਲੂਮ | ਇਹ ਮਕੱਦਮਾ ਮੁਦੱਈ ਅਜੀਤ ਸਿੰਘ ਦੇ ਬਿਆਨ ਪਰ ਦਰਜ ਰਜਿਸਟਰ ਕੀਤਾ ਗਿਆ ਕਿ ਮਿਤੀ ਮਿਤੀ 24.04.2025 ਨੂੰ ਰਾਤ ਵਕਤ ਕ੍ਰੀਬ 10.30 ਵਜੇ ਦਾ ਹੋਵੇਗਾ ਕਿ ਉਹ ਖਾਣ ਪੀਣ ਲਈ ਨਿਊ ਅੰਮ੍ਰਿਤਸਰ ਗਏ ਹੋਏ ਸੀ ਅਤੇ ਵਾਪਸੀ ਤੇ ਜਦੋਂ ਉਹ ਗੋਲਡਨ ਗੇਟ ਕੋਲ ਪੁੱਜੇ ਤਾਂ ਇੱਕ ਆਰਟੀਗਾ ਗੱਡੀ ਜਿਸਦਾ ਉਹ ਨੰਬਰ ਨਹੀਂ ਪੜ੍ਹ ਸਕਿਆ ਆਈ ਅਤੇ ਉਸਦੀ ਗੱਡੀ ਦੇ ਅੱਗੇ ਲਗਾ ਦਿੱਤੀ ਉਸ ਨਾਲ ਅਤੇ ਉਸਦੀ ਗੱਡੀ ਵਿੱਚ ਬੈਠੇ ਰਿਸ਼ਤੇਦਾਰਾਂ ਨਾਲ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸਦੇ ਨਾਲ ਬੈਠੇ ਜਗਤਾਰ ਸਿੰਘ ਨੇ ਗੱਡੀ ਵਿੱਚੋਂ ਬਾਹਰ ਉੱਤਰ ਕੇ ਉਹਨਾਂ ਨਾਲ ਗੱਲਬਾਤ ਕੀਤੀ ਤਾਂ ਆਰਟਿਗਾ ਗੱਡੀ ਵਿੱਚੋਂ ਤਿੰਨ ਨੌਜਵਾਨ ਉੱਤਰੇ ਅਤੇ ਮੇਰੇ ਅਤੇ ਮੇਰੇ ਸਾਥੀਆਂ ਦੇ ਗਲ ਪੈ ਗਏ **ਉਹਨਾਂ ਦੀ ਮਾਰਕੁਟਾਈ ਕਰਨੀ ਸ਼ੁਰੂ ਕਰ ਦਿੱਤੀ**।ਜੋ ਇਹਨਾਂ ਤਿੰਨਾ ਨੌਜਵਾਨਾ ਨੇ ਮੈਨੂੰ ਅਤੇ ਮੇਰੇ ਸਾਥੀ ਜਗਤਾਰ ਸਿੰਘ ਨੂੰ ਗੁੱਝੀਆਂ | ASI Ashwani Kumar |

| | | | | | | |
|---|---|---|---|---|---|---|
| | | | | | ਸੱਟਾਂ ਲਗਾ ਦਿੱਤੀਆਂ ਅਤੇ ਲੋਕ ਇਕੱਠੇ ਹੁੰਦੇ ਦੇਖ ਕੇ ਉੱਕਤ ਨੌਜਵਾਨ ਮੌਕਾ ਤੋਂ ਫਰਾਰ ਹੋ ਗਏ। ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | |
| 3. | **ਸੁਲਤਾਨਵਿੰਡ** | 54 dt 26-4-25 u/s 303(2) BNS, | ਤਰਸੇਮ ਸਿੰਘ | 1.ਗੁਰਸਾਹਿਬ ਸਿੰਘ ਉਰਫ ਸਾਬਾ<br>2.ਕੇਵਲ ਸਿੰਘ ਉਰਫ ਕੇਬੀ<br>3.ਬੇਅੰਤ ਸਿੰਘ ਉਰਫ ਬੱਲੂ<br>4.ਸਾਹਿਬ ਸਿੰਘ ਉਰਫ ਸਾਬੀ<br>5.ਗੁਰਪ੍ਰੀਤ ਸਿੰਘ | ਇਹ ਮਕੱਦਮਾ ਮੁਦੱਈ ਤਰਸੇਮ ਸਿੰਘ ਦੇ ਬਿਆਨ ਪਰ ਦਰਜ ਰਜਿਸਟਰ ਕੀਤਾ ਗਿਆ ਕਿ ਉਸਨੇ ਆਪਣੀਆਂ ਮੱਝਾਂ ਲਈ ਹਵੇਲੀ, ਪੰਜਾਬੀ ਵਾਲੇ ਖੂਹ, ਪੱਤੀ ਬਲੋਲ ਦੀ, ਪਿੰਡ ਸੁਲਤਾਨਵਿੰਡ, ਅੰਮ੍ਰਿਤਸਰ ਵਿਖੇ ਬਣਾਈ ਹੋਈ ਹੈ ਅਤੇ ਉਹ ਰੋਜਾਨਾ ਸਵੇਰੇ ਸ਼ਾਮ ਮੱਝਾਂ ਦੀ ਦੇਖਭਾਲ ਲਈ ਆਉਂਦਾ ਜਾਂਦਾ ਰਹਿੰਦਾ ਹੈ। ਮਿਤੀ 22-4-25 ਨੂੰ ਸ਼ਾਮ ਦੇ ਵਕਤ ਆਪਣੀਆਂ ਮੱਝਾਂ ਦੀ ਚੁਵਾਈ ਕਰਕੇ ਆਪਣੇ ਘਰ ਗਿਆ ਸੀ ਤਾਂ ਮਿਤੀ 23-4-25 ਨੂੰ ਸੁਭਾ 6 ਵਜੇ ਆ ਕੇ ਦੇਖਿਆ ਤਾਂ ਉਸਦੀਆਂ ਦੋ ਮੱਝਾਂ ਉੱਥੇ ਮੌਜੂਦ ਨਹੀਂ ਸਨ। **ਜਿਨ੍ਹਾ ਬਾਰੇ ਉਸਨੂੰ ਪਤਾ ਲੱਗਾ ਹੈ ਕਿ ਇਹ 2 ਮੱਝਾਂ ਉੱਕਤ ਦੋਸ਼ੀਆਨ ਨੇ ਹਮਸਲਾਹ ਹੋ ਕੇ ਦਰਮਿਆਨੀ ਰਾਤ ਨੂੰ ਚੋਰੀ ਕੀਤੀਆਂ ਹਨ।** ਜਿਸਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। ਦੌਰਾਨੇ ਤਫਤੀਸ਼ ਮੁਕੱਦਮਾ ਹਜਾ ਵਿੱਚ ਦੋਸ਼ੀਆਨ ਗੁਰਸਾਹਿਬ ਸਿੰਘ ਉਰਫ ਸਾਬਾ, ਕੇਵਲ ਸਿੰਘ ਉਰਫ ਕੇਬੀ, ਬੇਅੰਤ ਸਿੰਘ ਉਰਫ ਬੱਲੂ ਨੂੰ ਮੁਕੱਦਮਾ ਹਜਾ ਵਿੱਚ ਗ੍ਰਿਫਤਾਰੀ ਕੀਤਾ ਗਿਆ। | ASI Bharath Raj |

## 2.ਏ.ਸੀ.ਪੀ. / ਸੈਂਟਰਲ ( ਡੀ -ਡਵੀਜਨ, ਈ -ਡਵੀਜਨ, ਗੇਟ ਹਕੀਮਾ,ਇਸਲਾਮਾਬਾਦ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ<br>(ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 4.. | **ਈ ਡਵੀਜਨ** | 26 DT 26.04.2025 U/S 333, 115(2), 117(2), 351(2), 191(3), 190 BNS | ਵਿਕਰਮ ਕੁਮਾਰ | 1.ਗੋਲੂ<br>2.ਬਾਦਲ<br>3.ਰਿਤਿਕ ਘਈ | ਇਹ ਮੁੱਕਦਮਾ ਬਰ ਬਿਆਨ ਮੁਦਈ ਉਕਤ ਦਰਜ ਰਜਿਸ਼ਟਰ ਹੋਇਆ ਕਿ ਮੈ ਹੈਂਡੀਕੈਪ ਹਾਂ ਅਤੇ ਆਪਣੇ ਭਰਾ ਅਸ਼ੋਕ ਕੁਮਾਰ ਅਤੇ ਮਾਸੀ ਦੇ ਲੜਕੇ ਨਵੀਨ ਕੁਮਾਰ ਅਤੇ ਸਾਰੇ ਪਰਿਵਾਰ ਨਾਲ ਰੱਲ ਕੇ ਗਲੀ ਦਰਜਿਆ ਸ਼ਾਸਤਰੀ ਮਾਰਕੀਟ ਅੰਮ੍ਰਿਤਸਰ ਵਿਖੇ ਪਿਛਲੇ 30/40 ਸਾਲਾ ਤੋ ਕਪੜੇ ਦਾ ਕਾਰੋਬਾਰ ਕਰ ਰਿਹਾ ਹਾ ਮੇਰੇ ਭਰਾ ਅਸ਼ੋਕ ਕੁਮਾਰ ਦੋ ਲੜਕੇ ਹਨ ਇਕ ਅਕਸ਼ੇ ਕੁੜੈਲ ਅਤੇ ਦੂਜਾ ਅਮਨ ਕੁੜੈਲ ਹੈ ਅਕਸ਼ੇ ਕੁੜੈਲ ਦੀ ਸ਼ਾਦੀ ਪ੍ਰਿਆ ਘਈ ਨਾਲ ਹੋਈ ਸੀ ਸ਼ਾਦੀ ਤੋ ਕੁੱਝ | ASI ਪਰਮਜੀਤ ਸਿੰਘ |

| | | | | | | |
|---|---|---|---|---|---|---|
| | | | | | ਸਮੇ ਬਾਅਦ ਹੀ ਦੋਨਾ ਪਤੀ ਪਤਨੀ ਦਾ ਆਪਸੀ ਘਰੇਲੂ ਝਗੜਾ ਹੋਣ ਲੱਗ ਪਿਆ ਅਤੇ ਪ੍ਰਿਆ ਘਈ ਆਪਣੇ ਪੇਕੇ ਘਰ ਚੱਲੀ ਗਈ ਸੀ ਅਤੇ ਝਗੜੇ ਸਬੰਧੀ ਦੋਨਾ ਦਾ ਮਾਣਯੋਗ ਅਦਾਲਤ ਅੰਮ੍ਰਿਤਸਰ ਵਿਚ ਕੇਸ ਚੱਲ ਰਹੇ ਹਨ ਅਤੇ ਹੁਣ ਪ੍ਰਿਆ ਘਈ ਉਕਤ ਬਾਹਰਲੇ ਦੇਸ਼ ਕਨੇਡਾ ਵਿਖੇ ਰਹ ਰਹੀ ਹੈ ਪ੍ਰਿਆ ਘਈ ਦਾ ਇਕ ਭਰਾ ਕੁਸ਼ ਉਰਫ ਕਾਰਤਿਕ ਬਾਹਰਲੇ ਦੇਸ਼ ਯੁ.ਕੇ ਰਹਿੰਦਾ ਹੈ ਮਿਤੀ 19/04/2025 ਨੂੰ ਕੁਸ਼ ਉਰਫ ਕਾਰਤਿਕ ਨੇ ਆਂਪਣੇ ਮੋਬਾਇਲ ਫੌਨ ਤੋ ਨਵੀਨ ਕੁਮਾਰ ਦੇ ਮੋਬਾਇਲ ਫੋਨ ਤੇ ਧਮਕੀ ਦਿਤੀ ਕਿ ਉਹ ਆਪਣੇ ਭਰਾ ਰਿਤਿਕ ਘਈ ਅਤੇ ਉਸਦੇ ਦੋਸਤਾ ਵੱਲੋ ਅਸ਼ੋਕ ਕੁਮਾਰ ਅਤੇ ਸਾਰੇ ਪਰਿਵਾਰ ਤੇ ਜਾਨੀ ਹਮਲਾ ਕਰਵਾਏਗਾ ਮਿਤੀ 21/04/2025 ਨੂੰ ਸੋਮਵਾਰ ਹੋਣ ਕਰਕੇ ਸਾਡੀ ਕਪੜਾ ਮਾਰਕੀਟ ਬੰਦ ਸੀ ਉਸ ਦਿਨ ਮੈ ਮੇਰੀ ਮਾਸੀ ਦਾ ਲੜਕਾ ਨਵੀਨ ਕੁਮਾਰ ਅਤੇ ਮੇਰਾ ਭਤੀਜਾ ਅਮਨ ਕੁੜੈਲ ਪੱਤਰ ਅਸ਼ੋਕ ਕੁਮਾਰ ਦੁਕਾਨ ਖੋਲ ਕੇ ਦੁਕਾਨ ਦੀ ਸਫਾਈ ਕਰ ਰਹੇ ਸੀ ਅਤੇ ਦੁਕਾਨ ਦੇ ਅਕਾਉਂਟ ਦਾ ਹਿਸਾਬ ਕਰ ਰਹੇ ਸੀ ਤਾ ਵੱਕਤ ਕਰੀਬ ਦੁਪਿਹਰ 12:30 PM ਵਜੇ ਦਾ ਹੋਵੇਗਾ ਕਿ 4/5 ਅਣਪਛਾਤੇ ਵਿਅਕਤੀ ਜਿਹਨਾ ਨੇ ਮੂੰਹ ਸਿਰ ਲਪੇਟੇ ਹੋਏ ਸਨ ਜਿਹਨਾ ਦੇ ਹੱਥਾ ਵਿਚ ਦਾਤਰ ਰਿਪਾਨਾ ਅਤੇ ਬੈਸਬਾਲ ਫੜੇ ਹੋਏ ਸਨ ਸਾਡੀ ਦੁਕਾਨ ਅੰਦਰ ਦਾਖਲ ਹੋਏ ਅਤੇ ਮੇਰੇ ਕੋਲੋ ਮੇਰੇ ਭਰਾ ਅਸ਼ੋਕ ਕੁਮਾਰ ਬਾਰੇ ਪੁੱਛਣ ਲੱਗ ਪਏ ਜੱਦ ਮੈ ਕਿਹਾ ਕਿ ਅੱਜ ਛੁਟੀ ਹੋਣ ਕਰਕੇ ਮਾਰਕੀਟ ਬੰਦ ਹੈ ਅਤੇ ਮੇਰਾ ਭਰਾ ਅਸ਼ੋਕ ਕੁਮਾਰ ਅੱਜ ਦੁਕਾਨ ਤੇ ਨਹੀ ਆਇਆ ਹੈ ਤਾ ਇੰਨੇ ਨੂੰ ਉਹਨਾ ਵਿਚੋ ਇੱਕ ਲੜਕੇ ਨੇ ਲੱਲਕਾਰਾ ਮਾਰ ਕੇ ਕਿਹਾ ਕਿ ਇਹ ਅਸ਼ੋਕ ਕੁਮਾਰ ਦਾ ਭਰਾ ਹੈ ਇਸ ਨੂੰ ਫੜ ਲਉ ਅਤੇ ਇੰਨੇ ਨੂੰ ਉਹਨਾ ਵਿਚੋ ਇਕ ਲੜਕੇ ਨੇ ਆਪਣੀ ਦਸਤੀ ਦਾਤਰ ਦਾ ਵਾਰ ਮੇਰੇ ਸਿਰ ਵਿਚ ਕੀਤਾ ਜੋ ਵਾਰ ਮੇਰੇ ਸਿਰ ਦੇ ਪਿਛੇ ਖੱਬੇ ਪਾਸੇ ਲੱਗਾ ਅਤੇ ਦੁਸਰੇ ਲੜਕੇ ਨੇ ਆਪਣੀ ਦਸਤੀ ਦਾਤਰ ਦੇ 2 ਵਾਰ ਮੇਰੇ ਤੇ ਕੀਤੇ ਜੋ ਇਕ ਵਾਰ ਮੇਰੀ ਖੱਬੀ ਬਾਂਹ ਦੀ ਅਰਕ ਅਤੇ ਖੱਬੀ ਬਾਂਹ ਦੇ ਡੌਲੇ ਤੇ ਲੱਗਾ ਮੇਰੇ ਬਚਾਵ ਲਈ ਮੇਰੀ ਮਾਸੀ ਦਾ ਲੜਕਾ ਨਵੀਨ ਕਮਾਰ ਅਤੇ ਭਤੀਜਾ ਅਮਨ ਕੁੜੈਲ ਅੱਗੇ ਆਏ ਤਾ ਉਕਤ ਵਿਅਕਤੀਆ ਨੇ ਆਪਣੇ ਦਸਤੀ ਹਥਿਆਰਾ ਨਾਲ | |

| | | | | | | |
|---|---|---|---|---|---|---|
| | | | | | ਨਵੀਨ ਕੁਮਾਰ ਅਤੇ ਅਮਨ ਕੁੜੈਲ ਤੇ ਵਾਰ ਕੀਤੇ ਜੋ ਵਾਰ ਮੇਰੀ ਮਾਸੀ ਦੇ ਲੜਕੇ ਨਵੀਨ ਕਮਾਰ ਦੇ ਸਿਰ ਦੇ ਸੱਜੇ ਪਾਸੇ ਮੱਥੇ ਤੇ ਲੱਗਾ ਅਤੇ ਮੇਰੇ ਭਤੀਜੇ ਅਮਨ ਕੁੜੈਲ ਦੇ ਸਿਰ ਤੇ ਅਤੇ ਖੱਬੇ ਮੋਢੇ ਤੇ ਲੱਗਾ ਝਗੜੇ ਸਮੇ ਉਕਤ ਵਿਅਕਤੀਆ ਵਿਚੋ ਇਕ ਲੜਕੇ ਦੇ ਮੂੰਹ ਤੋ ਕਪੜਾ ਉਤਰ ਗਿਆ ਸੀ ਜਿਸਦੀ ਪਹਿਚਾਣ ਗੋਲੂ ਵਾਸੀ ਗਲੀ ਦੇਵੀ ਵਾਲੀ ਨਮਕ ਮੰਡੀ ਅੰਮ੍ਰਿਤਸਰ ਦੀ ਹੋਈ ਜੋ ਕਿ ਗੋਲੂ ਰਿਤਿਕ ਘਈ ਦੀ ਮਾਸੀ ਦਾ ਲੜਕਾ ਹੈ ਗੋਲੂ ਨੇ ਆਪਣੇ ਸਾਥੀ ਨੂੰ ਅਵਾਜ ਮਾਰ ਕੇ ਕਿਹਾ ਕਿ ਬਾਦਲ। ਸਾਨੂੰ ਸਵਾਰੀ ਦਾ ਪ੍ਰਬੰਧ ਕਰਕੇ ਸਿਵਲ ਹਸਪਤਾਲ ਤੋਂ ਲੱਗੀਆ ਸੱਟਾ ਦੀਆ MLR’S ਕਟੀਆ ਗਈਆ ਜੋ ਆਪਜੀ ਦੇ ਪੇਸ਼ ਕਰ ਦਿੱਤੀਆ ਇਹਨਾ ਤਿੰਨਾ ਦੋਸ਼ੀਆ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਜੀ। | |

## <u>ਏ.ਡੀ.ਸੀ.ਪੀ-2</u>

### 3.ਏ.ਸੀ.ਪੀ.ਨੌਰਥ (ਸਿਵਲ ਲਾਈਨ, ਸਦਰ, ਮਜੀਠਾ ਰੋਡ, ਰਣਜੀਤ ਐਵੀਨਿਉ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ<br>(ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸਿਵਲ ਲਾਈਨ** | 64 ਮਿਤੀ 26-04-2025 ਜੁਰਮ 304(2), 3(5), 317(2)BNS | ਏ.ਐਸ.ਆਈ. ਕੁਲਵੰਤ ਸਿੰਘਚੋਕੀ ਗ੍ਰੀਨ ਐਵੀਨਿਓ ਅੰਮ੍ਰਿਤਸਰ | 1.ਆਵੇਸ ਉਰਫ ਅਭਿਸੇਕ<br>2.ਸਾਹਿਲ | **ਮਨ ਏ.ਐਸ.ਆਈ. ਨੂੰ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਉਕਤਾਨ ਖੋਹ ਕਰਨ ਦੇ ਆਦਿ ਹਨ ਤੇ** ਰਤਨ ਸਿੰਘ ਚੋਕ ਵਾਲੀ ਸਾਇਡ ਤੋ ਆ ਰਹੇ ਹਨ ਜਿਸਤੇ ਟੀ-ਪੁਆਇੰਟ ਗਲੀ ਮਾਨਵ ਪਬਲਿਕ ਸਕੂਲ ਵਾਲਸੀ ਮੇਨ ਰੋਡ ਅੰਮ੍ਰਿਤਸਰ ਵੀ ਨਾਕਾ ਲਗਾਕੇ ਚੈਕਿੰਗ ਸ਼ੁਰੀ ਕੀਤੀ ਤਾ ਦੋਸ਼ੀਆਨ ਉਕਤਾਨ ਨੂੰ ਕਾਬੂ ਕੀਤਾ ਗਿਆ ਜਿਸਤੇ ਦੋਸ਼ੀਆਵੇਸ ਉਰਫ ਅਭਿਸੇਕ ਦੀ ਤਲਾਸੀ ਜਾਬਤੇ ਅਨੁਸਾਰ ਅਮਲ ਵਿਚ ਲਿਆਂਦੀ ਤਾਂ ਉਸ ਦੀ ਪਹਿਨੀ ਹੋਈ ਪੈਟ ਦੀ ਸੱਜੀ ਜੇਬ ਵਿਚੋ ਇਕ ਮੋਬਾਇਲ TECNO-POVA ਰੰਗ ਗੋਲਡਨ ਬਲੈਕ ਬਿਨਾਂ ਸਿੱਮ ਬ੍ਰਾਮਦ ਹੋਈਆ ਅਤੇ ਸਾਹਿਲ ਦੀ ਤਲਾਸੀ ਜਾਬਤੇ ਅਨੂਸਾਰ ਅਮਲ ਵਿਚ ਲਿਆਂਦੀ ਤਾਂ ਉਸ ਦੀ ਪਹਿਨੀ ਹੋਈ ਪੈਟ ਦੀ ਸੱਜੀ ਜੇਬ ਵਿਚੋ 02 ਮੋਬਾਇਲ ਇਕ ਮੋਬਾਇਲ ੍ਰਏਦਮੀ ਰੰਗ ਕਾਲਾ ਦੂਜਾ ੍ਰਏਦਮਏ ਰੰਗ ਸਿਲਵਰ ਬ੍ਰਾਮਦ ਹੋਏ ਤੇ | ਏ.ਐਸ.ਆਈ. ਕੁਲਵੰਤ ਸਿੰਘ ਚੋਕੀ ਗ੍ਰੀਨ ਐਵੀਨਿਓ ਅੰਮ੍ਰਿਤਸਰ |

| | | | | | | |
|---|---|---|---|---|---|---|
| | | | | | ਨਾਲ ਹੀ ਮੋਟਰ ਸਾਇਕਲ ਹੀਰੋ ਸੱਪਲੈਂਡਰ ਰੰਗ ਕਾਲਾ ਗ੍ਰੈਅ ਬਿਨਾਂ ਨੰਬਰੀ ਬ੍ਰਾਮਦ ਹੋਇਆ। ਜਿਸਤੇ ਮੁੱਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | |

## 5.ਏ.ਸੀ.ਪੀ.ਵੈਸਟ (ਛੇਹਰਟਾ, ਕੰਟੋਨਮੈਂਟ)

| ਲੜ ੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 3 | **ਕੰਟੋਨਮੈਂਟ** | 72 ਮਿਤੀ 26.4.25 ਜੁਰਮ 21B, 27A/61/85 NDPS ACT | ASI ਰਜਿੰਦਰ ਕੁਮਾਰ | ਸਾਹਿਬ ਕੁਮਾਰ ਉਰਫ ਜੀਨਾ ਉਰਫ ਸੰਦੀਪ ਬਈਆ | ਇਹ ਮੁਕਦਮਾ ASI ਰਜਿੰਦਰ ਕੁਮਾਰ ਥਾਣਾ ਕੰਟੋਨਮੈਂਟ ਅੰਮ੍ਰਿਤਸਰ ਸਮੇਤ ਸਾਥੀ ਕਰਮਚਾਰੀਆ ਦੋਰਾਨੇ ਗਸ਼ਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ **ਪਾਸੋ** 17 **ਗ੍ਰਾਮ ਹੈਰੋਇਨ ਸਮੇਤ** 1600 **ਰੁ: ਡਰੱਗ ਮਨੀ ਬ੍ਰਾਮਦ ਕਰਕੇ** ਦਰਜ ਰਜਿਸਟਰ ਕੀਤਾ ਗਿਆ | ASI ਰਜਿੰਦਰ ਕੁਮਾਰ |
| 4 | **ਕੰਟੋਨਮੈਂਟ** | 73 ਮਿਤੀ 26.4.25 ਜੁਰਮ 303(2) BNS | ਈਸ਼ੂ ਦਿਆਲ | ਨਾਮਲੂਮ ਵਿਅਕਤੀ | ਇਹ ਮੁਕਦਮਾ ਈਸ਼ੂ ਦਿਆਲ ਦੀ ਦਰਖਾਂਸਤ ਤੇ ਦਰਜ ਕੀਤਾ ਗਿਆ ਕਿ ਮੁਦਈ ਗੁਰੁ ਨਾਨਕ ਦੇਵ ਯੂਨੀਵਰਸਿਟੀ ਵਿਖੇ ਲਾਅ ਦੀ ਪੜਾਈ ਕਰ ਰਿਹਾ ਹੈ ਵਕਤ ਕਰੀਬ 9.00 ਵਜੇ ਦਿਨ ਆਪਣਾ **ਮੋਟਰ ਸਾਈਕਲ ਬੈਕ ਸਾਈਡ ਗੁਰੁ ਨਾਨਕ ਦੇਵ ਯੂਨੀਵਰਸਿਟੀ ਦੀ ਪਾਰਕਿੰਗ ਵਿਚ ਲਗਾਕੇ ਡਿਪਾਰਟਮੈਂਟ ਵਿਚ ਚਲਾ ਗਿਆ ਵ**ਕਤ 4.30 PM ਸ਼ਾਮ ਆਕੇ ਦੇਖਿਆ ਤੇ ਮੇਰਾ ਮੋਟਰ ਸਾਈਕਲ ਉਥੇ ਨਹੀ ਸੀ ਜੋ ਪਾਰਕਿੰਗ ਵਾਲੇ ਪਾਸੋ ਪੁਛਿਆ ਜਿਸ ਨੇ ਦਸਿਆ ਕਿ 3.30 ਵਜੇ ਇਕ ਸਰਦਾਰ ਲੜਕਾ ਆਇਆ ਸੀ ਜਿਸ ਨੇ ਪੱਗ ਬੰਨੀ ਸੀ ਤੇ ਮੁੰਹ ਤੇ ਪਰਨਾ ਬਨਿਆ ਸੀ ਲੈਕੇ ਗਿਆ ਹੈ।ਜਿਸਤੇ ਮੁਕਦਮਾ ਦਰਜ ਕੀਤਾ ਗਿਆ | ASI ਬਲਵਿੰਦਰ ਸਿੰਘ ਇੰਚਾਰਜ ਚੋਕੀ ਮਾਹਲ ਬਾਈਪਾਸ |
| 5 | **ਛੇਹਰਟਾ** | 79 ਮਿਤੀ 26-04-2025 ਜੁਰਮ 21-B,27-A/61/85 NDPS ACT | SI ਜੱਗਾ ਸਿੰਘ ਥਾਣਾ ਛੇਹਰਟਾ ਅੰਮ੍ਰਿਤਸਰ | ਜਗੀਰ ਸਿੰਘ **(Drug Paddler List)** | ਮਨ SI ਸਮੇਤ ਸਾਥੀ ਕਰਮਚਾਰੀਆ ਸਮੇਤ ਲੈਪਟਾਪ ਪ੍ਰਿੰਟਰ ਸਮੇਤ ਅਸੈਸਰੀ ਬਾ ਸਿਲਸਿਲਾ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਾ ਸਵਾਰੀ ਪ੍ਰਾਈਵੇਟ ਵਹੀਕਲਾਂ ਥਾਣਾ ਤੋ ਪਿੰਡ ਕਾਲੇ ਘਨੂੰਪੁਰ ਵੱਲ ਨੂੰ ਜਾ ਰਹੇ ਸੀ। ਜਦੋ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ | SI ਜੱਗਾ ਸਿੰਘ ਥਾਣਾ ਛੇਹਰਟਾ ਅੰਮ੍ਰਿਤਸਰ |

| | | | | | | |
|---|---|---|---|---|---|---|
| | | | | | ਨਾਖਾਵਾਲਾ ਬਾਗ ਮੋੜ ਕੁਪੱਤਗੜ੍ਹ ਸ਼ੇਰਸ਼ਾਹ ਸੂਰੀ ਰੋੜ ਕੋਲ ਪੁੱਜੇ ਤਾ ਮੋੜ ਕੁਪੱਤਗੜ੍ਹ ਸ਼ੇਰਸ਼ਾਹ ਸੂਰੀ ਰੋੜ ਤੋ ਥੋੜਾ ਅੱਗੇ ਇੱਕ ਮੋਨਾ ਮੁੱਲਾ ਫੈਸ਼ਨ ਅਦਮੀ ਖੜ੍ਹਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਸਾਇਡ ਵੱਲ ਨੂੰ ਹੋ ਗਿਆ ਜਿਸਨੂੰ ਮਨ SI ਨੇ ਸ਼ੱਕ ਪੈਣ ਤੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸਨੇ ਮੇਰੇ ਪੁੱਛਣ ਤੇ ਆਪਣਾ ਨਾਮ ਜਗੀਰ ਸਿੰਘ ਦੱਸਿਆ ਜਿਸ ਪਾਸੋ ਸਮੇਤ ਮੋਮੀ ਲਿਫਾਫਾ **20/ਗ੍ਰਾਮ ਹੈਰੋਇਨ ਹੋਈ। ਅਤੇ ਡਰੱਗ ਮਨੀ 2000/- ਰੁਪਏ ਭਾਰਤੀ ਕਰੰਸੀ ਨੋਟ ਬ੍ਰਾਮਦ ਹੋਈ** | |

## ਏ.ਡੀ.ਸੀ.ਪੀ-3

### 6. ਏ.ਸੀ.ਪੀ.ਈਸਟ (ਮਕਬੂਲਪੁਰਾ, ਮੋਹਕਮਪੁਰਾ, ਬੀ ਡਵੀਜਨ, ਏ-ਡਵੀਜਨ, ਵੇਰਕਾ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਮੋਹਕਮ ਪੁਰਾ** | 48 ਮਿਤੀ 26-4-25 ਜੁਰਮ 125, 351(2), 3(5), BNS , 25,27-54-59 ਅਸਲਾ ਐਕਟ | ਦਵਿੰਦਰ ਕੁਮਾਰ ਉਰਫ ਮੋਨੂੰ | ਗੁਰਪ੍ਰੀਤ ਸਿੰਘ ਉਰਫ ਗੋਪੀ | ਬਿਆਨ ਕੀਤਾ ਹੈ ਕਿ ਮੈ ਦਵਿੰਦਰ ਕੁਮਾਰ ਉਰਫ ਮੋਨੂੰ ਅਤੇ ਮੈ ਆਪਣੇ ਵੱਡੇ ਭਰਾ ਸੋਨੂੰ ਸ਼ਰਮਾ ਨਾਲ ਚੰਡੀਗੜ ਵਿਖੇ ਫਲੈਸਕ ਬੋਰਡ ਬਣਾਉਣ ਦਾ ਕੰਮ ਕਰਦਾ ਹਾ । ਮੇਰੀ ਪਲਕ ਨਾਲ ਸ਼ਾਦੀ ਦੀ ਗੱਲਬਾਤ ਚਲ ਰਹੀ ਹੈ ਜੋ ਲੜਕੀ ਪਲਕ ਦੇ ਗੁਆਢ ਵਿੱਚ ਗੁਰਪ੍ਰੀਤ ਸਿੰਘ ਉਰਫ ਗੋਪੀ ਜਿਸ ਬਾਰੇ ਪਲਕ ਨੇ ਮੈਨੂੰ ਸਾਰੀ ਗੱਲਬਾਤ ਦੱਸੀ ਹੈ ਜੋ ਇਸ ਸਮੇ ਗੁਰਪ੍ਰੀਤ ਸਿੰਘ ਉਰਫ ਗੋਪੀ ਜਿਸ ਨਾਲ ਵੀ ਇਸ ਦੀ ਪਹਿਲਾ ਸ਼ਾਦੀ ਦੀ ਗੱਲਬਾਤ ਚਲ ਰਹੀ ਸੀ ਪਰ ਲੜਕੀ ਪਲਕ ਨੂੰ ਲੜਕਾ ਪਸੰਦ ਨਾ ਆਉਣ ਕਰਕੇ ਉਸ ਨੇ ਗੁਰਪ੍ਰੀਤ ਸਿੰਘ ਨੂੰ ਸ਼ਾਦੀ ਤੋ ਨਾਹ ਕਰ ਦਿੱਤੀ ਸੀ ਜਿਸ ਕਾਰਨ ਗੁਰਪ੍ਰੀਤ ਸਿੰਘ ਉਰਫ ਗੋਪੀ ਲੜਕੀ ਨੂੰ ਬਾਰ ਬਾਰ ਵਿਆਹ ਕਰਵਾਉਣ ਲਈ ਮਜਬੂਰ ਕਰ ਰਿਹਾ ਸੀ ਪਰ ਲੜਕੀ ਪਲਕ ਉਸ ਨਾਲ ਵਿਆਹ ਕਰਵਾਉਣ ਲਈ ਰਾਜੀ ਨਹੀ ਸੀ ਜਿਸ ਨੇ ਮੈਨੂੰ ਮਿਲ ਕੇ ਵਿਆਹ ਤੋ ਨਾਹ ਕਰਨ ਲਈ ਮਜਬੂਰ ਕੀਤਾ ਸੀ ਪਰ ਮੈ ਉਸ ਨਾਲ ਸਹਿਮਤ ਨਹੀ ਹੋਇਆ ਸੀ।ਮਿਤੀ 26.04.2025 | ਅਸ਼ੀ ਗੁਰਮੀਤ ਸਿੰਘ ਥਾਣਾ ਮੋਹਕਮਪੁਰਾ ਅੰਮ੍ਰਿਤਸਰ |

| | | | | | | |
|---|---|---|---|---|---|---|
| | | | | | ਨੂੰ ਕ੍ਰੀਬ 2.00 ਵਜੇ ਰਾਤ ਦਾ ਹੋਵੇਗਾ ਕਿ ਮੈ ਅਤੇ ਮੇਰਾ ਪਰਿਵਾਰ ਘਰ ਵਿੱਚ ਸੁੱਤੇ ਪਏ ਸੀ ਤੇ ਅਚਾਨਕ ਮੇਰੇ ਘਰ ਦਾ ਲੋਹੇ ਦਾ ਗੇਟ ਬਹੁਤ ਜੋਰ ਦੀ ਖੜਕਿਆ ਤਾ ਮੈ ਅਤੇ ਮੇਰੇ ਪਰਿਵਾਰਿਕ ਮੈਬਰ ਗੇਟ ਦਾ ਖੜਾਕ ਸੁਣ ਕੇ ਸਾਰੇ ਉਠ ਪਏ।ਮੈ ਆਪਣੇ ਕਮਰੇ ਦੀ ਬਾਰੀ ਖੋਲ ਕੇ ਬਾਹਰ ਦੇਖਿਆ ਤਾ ਬਾਹਰ ਗੁਰਪ੍ਰੀਤ ਸਿੰਘ ਉਰਫ ਗੋਪੀ ਜਿਸ ਦੇ ਹੱਥ ਵਿੱਚ ਪਿਸਤੋਲ ਸੀ ਤੇ ਉਸ ਦੇ ਨਾਲ ਇੱਕ ਨਾ ਮਲੂਮ ਵਿਅਕਤੀ ਖਾਲੀ ਹੱਥ ਆਪਣੇ ਮੋਟਰ ਸਾਈਕਲ ਸਪਲੈਡਰ ਰੰਗ ਕਾਲਾ ਬਿਨਾ ਨੰਬਰੀ ਸਮੇਤ ਖੜੇ ਸੀ ਜੋ ਮੇਰਾ ਨਾ ਲੈ ਕੇ ਉੱਚੀ ਉੱਚੀ ਗਾਲਾ ਕੱਢ ਰਹੇ ਸੀ ਤੇ ਮੈਨੂੰ ਗੇਟ ਖੋਲਣ ਲਈ ਕਹਿ ਰਹੇ ਸੀ ਜੋ ਮੈ ਇਹ ਸਭ ਦੇਖ ਕੇ ਡਰ ਗਿਆ ਤੇ ਮੇਰੇ ਦੇਖਦਿਆ ਦੇਖਦਿਆ ਹੀ ਗੁਰਪ੍ਰੀਤ ਸਿੰਘ ਉਰਫ ਗੋਪੀ ਨੇ ਆਪਣੇ ਦਸਤੀ ਪਿਸਤੋਲ ਨਾਲ ਮੇਰੇ ਘਰ ਦੇ ਮੇਨ ਗੇਟ ਵੱਲ ਲਗਾਤਾਰ ਤਿੰਨ ਫਾਇਰ ਕੀਤੇ ਜੋ ਮੇਰੇ ਘਰ ਦੇ ਮੇਨ ਗੇਟ ਤੇ ਵੱਜੇ ਜੋ ਇਹ ਸਭ ਦੇਖ ਕੇ ਮੈ ਆਪਣੇ ਘਰ ਦੀ ਬਾਰੀ ਨੂੰ ਬੰਦ ਕਰ ਦਿੱਤਾ ਤੇ ਡਰਦੇ ਮਾਰੇ ਘਰ ਦੇ ਪਿਛਲੇ ਕਮਰੇ ਵਿੱਚ ਵੜ ਗਿਆ ਜੋ ਗੁਰਪ੍ਰੀਤ ਸਿੰਘ ਉਰਫ ਗੋਪੀ ਸਮੇਤ ਆਪਣੇ ਨਾਮਲੂਮ ਸਾਥੀ ਮੇਰੇ ਗਰ ਦੇ ਗੇਟ ਬਾਹਰ ਕ੍ਰੀਬ 02 ਮਿੰਟ ਉੱਥੇ ਖਲੋ ਕੇ ਮੈਨੂੰ ਧਮਕੀਆ ਦਿੰਦੇ ਹੋਏ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਚਲੇ ਗਏ ਤੇ ਜਾਦੇ ਸਮੇ 02 ਹਵਾਈ ਫਾਇਰ ਕਰ ਗਏ।**ਵਜਾ ਰੰਜਿਸ ਇਹ ਹੈ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਦੀ ਪਹਿਲਾ ਲੜਕੀ ਪਲਕ ਨਾਲ ਸ਼ਾਦੀ ਦੀ ਗੱਲਬਾਤ ਚੱਲ ਰਹੀ ਸੀ ਜੋ ਸਿਰੇ ਨਹੀ ਚੜੀ ਸੀ ਜਿਸ ਦੀ ਹੁਣ ਮੇਰੇ ਨਾਲ ਵਿਆਹ ਦੀ ਗੱਲਬਾਤ ਚੱਲ ਰਹੀ ਸੀ।ਜਿਸ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ** | |
| 2. | **ਮੋਹਕਮ ਪੁਰਾ** | 49 ਮਿਤੀ 26-4-25 ਜੁਰਮ 115(2), 117(2) BNS | ਪਰਗਟ ਸਿੰਘ | ਅਮਨਦੀਪ ਸਿੰਘ ਉਰਫ ਸੋਨੂੰ | ਬਿਆਨ ਕੀਤਾ ਕਿ ਮੈ ਪਰਗਟ ਸਿੰਘ ਅਤੇ ਡਿਸ਼ ਲਗਾਉਣ ਦਾ ਕੰਮ ਕਰਦਾ ਹਾ।ਮੇਰੀ ਦੁਕਾਨ ਘਰ ਦੇ ਮੇਨ ਗੇਟ ਦੇ ਨਾਲ ਹੀ ਹੈ।ਮੇਰੇ ਘਰ ਦੇ ਲਾਗੇ ਹੀ ਅਮਨਦੀਪ ਉਰਫ ਸੋਨੂੰ ਦੀ ਆਟਾ ਚੱਕੀ ਦੀ ਦੁਕਾਨ | ASI ਸੁਖਦੇਵ ਸਿੰਘ ਥਾਣਾ ਮੋਹਕਮਪੁਰਾ ਅੰਮ੍ਰਿਤਸਰ |

| | | | | | | |
|---|---|---|---|---|---|---|
| | | | | | ਹੈ।ਮਿਤੀ 08-04-2025 ਨੂੰ ਵਕਤ ਕਰੀਬ 8-30/9-00 ਵਜੇ ਸ਼ੂਭਾ ਦਾ ਹੋਵੇਗਾ ਕਿ ਮੈ ਆਪਣੇ ਘਰ ਦੇ ਬਾਹਰ ਆਪਣਾ ਈ ਰਿਕਸ਼ਾ ਨੂੰ ਪਾਣੀ ਨਾਲ ਧੋ ਰਿਹਾ ਸੀ ਕਿ ਇਨੇ ਨੂੰ ਅਮਨਦੀਪ ਉਰਫ ਸੋਨੂੰ ਮੈਨੂੰ ਗਾਲਾ ਕੱਢਣ ਲੱਗ ਪਿਆ ।ਜਿਸ ਨੂੰ ਮੈ ਗਾਲਾ ਕੱਡਣ ਤੋ ਰੋਕਿਆ ਜੋ ਮੈਨੂੰ ਕਹਿਣ ਲੱਗਾ ਕਿ ਤੂੰ ਕੀ ਦੇ ਗੇਟ ਅੱਗੇ ਪਾਣੀ ਰੋੜ ਰਿਹਾ ।ਜੋ ਮੈਨੂੰ ਗਾਲੀ ਗਲੋਚ ਕਰਦਾ ਰਿਹਾ ਅਤੇ ਇਨੇ ਨੂੰ ਉਸ ਨੇ ਆਪਣੇ ਘਰ ਦੇ ਅੰਦਰੋ ਬੇਸ ਬਾਲ ਕੱਢ ਲਿਆਦਾ ।ਜਿਸ ਨੇ ਆਉਦਿਆ ਸਾਰ ਹੀ ਆਪਣੇ ਬੇਸ ਬਾਲ ਦਾ ਇੱਕ ਵਾਰ ਮੇਰੇ ਉਪਰ ਕੀਤਾ ਜੋ ਮੇਰੇ ਮੂੰਹ ਤੇ ਖੱਬੇ ਪਾਸੇ ਥੋਡੀ ਉਪਰ ਲੱਗਾ ਜਿਸ ਨਾਲ ਮੇਰੇ ਮੂੰਹ ਵਿੱਚੋ ਖੂਨ ਵੱਗਣ ਲੱਗ ਪਿਆਂ ਅਤੇ ਮੇਰਾ ਖੱਬੇ ਪਾਸੇ ਤੋ ਜਬਾੜਾ ਟੁੱਟ ਗਿਆ ਅਤੇ ਮੇਰੇ ਤਿੰਨ ਦੰਦ ਟੁੱਟ ਗਏ।ਜਿਸ ਨਾਲ ਮੈ ਜਮੀਨ ਪਰ ਡਿੱਗ ਪਿਆ ਤੇ ਮਾਰ ਦਿੱਤਾ ਮਾਰ ਦਿੱਤਾ ਦਾ ਰੋਲਾ ਪਾਇਆਂ ਤਾ ਆਸ ਪਾਸ ਤੋ ਲੋਕ ਇੱਕਠੇ ਹੋਣ ਲੱਗ ਪਏ ਜੋ ਲੋਕਾ ਦੇ ਇੱਕਠੇ ਹੁੰਦਿਆ ਨੂੰ ਦੇਖਦਿਆ ਹੋਇਆ ਅਮਨਦੀਪ ਉਰਫ ਸੋਨੂੰ ਆਪਣੇ ਦਸਤੀ ਹਥਿਆਰ ਸਮੇਤ ਮੋਕਾ ਤੋ ਭੱਜ ਗਿਆਂ।ਜੋ ਇਹ ਸਾਰਾ ਵਾਕਿਆ ਮੇਰੀ ਘਰਵਾਲੀ ਨੇ ਅੱਖੀ ਦੇਖਿਆਂ ।ਮੈਨੂੰ ਮੇਰੀ ਘਰਵਾਲੀ ਹਰਪ੍ਰੀਤ ਕੋਰ ਨੇ ਸਵਾਰੀ ਦਾ ਪ੍ਰਬੰਧ ਕਰਕੇ ਥਾਣਾ ਮੋਹਕਮਪੁਰਾ ਲੈ ਕਿ ਆਈ ਜਿਥੋ ਮੈਨੇ ਡਾਕਟ ਕੱਟਵਾ ਕੇ ਮੇਰੀ ਪਤਨੀ ਨੇ ਇਲਾਜ ਲਈ ਸਿਵਲ ਹਸਪਤਾਲ ਅੰਮ੍ਰਿਤਸਰ ਖੜਿਆ ਜਿਨਾ ਨੇ ਮੇਰੀ ਹਾਲਤ ਦੇਖ ਕੇ ਗੁਰੂ ਨਾਨਕ ਹਸਪਤਾਲ ਦਾਖਲ ਕਰਵਾਇਆ ।ਜਿਥੇ ਡਾਕਟਰ ਸਾਹਿਬ ਨੇ ਮੈਨੂੰ ਇਲਾਜ ਲਈ ਡੈਟਲ ਹਸਪਤਾਲ ਅੰਮ੍ਰਿਤਸਰ ਭੇਜਿਆ ।ਜਿਥੇ ਡਾਕਟਰ ਸਾਹਿਬ ਨੇ ਮੇਰੇ ਜਬਾੜੇ ਅਤੇ ਦੰਦਾ ਦਾ ਇਲਾਜ ਕੀਤਾ ।ਜਿਸ ਨੇ ਮੈਨੂੰ ਦੁਬਾਰਾ ਸਿਵਲ ਹਸਪਤਾਲ ਇਲਾਜ ਲਈ ਭੇਜ ਦਿੱਤਾ ।ਜਿਥੇ ਡਾਕਟਰ ਸਾਹਿਬ ਨੇ ਮੇਰਾ ਇਲਾਜ ਕੀਤਾ ਅਤੇ ਮੇਰੀ MLR ਕੱਟੀ ਅਤੇ ਜਿਥੇ ਮੈ ਜੇਰੇ ਇਲਾਜ ਰਿਹਾ | |

| | | | | | | |
|---|---|---|---|---|---|---|
| | | | | | ਹਾ।ਜਿਥੋ ਡਾਕਟਰ ਸਾਹਿਬ ਨੇ ਮੈਨੂੰ ਮਿਤੀ 24-04-2025 ਨੂੰ ਹਸਪਤਾਲ ਤੋ ਡਿਸਚਾਰਜ ਕਰ ਦਿੱਤਾ ਸੀ।ਵਜਾ ਰੰਜਸ਼ ਇਹ ਹੈ ਕਿ ਅਮਨਦੀਪ ਉਰਫ ਸੋਨੂੰ ਵਾਸੀ ਉੱਕਤ ਦੀ ਆਟਾ ਚੱਕੀ ਪਰ ਬਿਜਲੀ ਦਾ ਕਨੈਕਸ਼ਨ ਲਾਉਣ ਲਈ ਖੰਬਾ ਮੇਰੀ ਦੁਕਾਨ ਦੇ ਅੱਗੇ ਲਗਾਇਆ ਜਾ ਰਿਹਾ ਸੀ ਜੋ ਮੈ ਬਿਜਲੀ ਕਰਮਚਾਰੀਆਂ ਨੂੰ ਖੰਬਾ ਲਗਾਉਣ ਤੋ ਰੋਕਿਆ ਸੀ ।**ਜਿਸ ਦੀ ਰੰਜਸ਼ ਰੱਖ ਕੇ ਅਮਨਦੀਪ ਉਰਫ ਸੋਨੂੰ ਨੇ ਮੈਨੂੰ ਆਪਣੇ ਬੇਸਬਾਲ ਨਾਲ ਸੱਟ ਮਾਰ ਕੇ ਜਖਮੀ ਕੀਤਾ ਹੈ**।ਜਿਸ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | |
| 3. | **ਬੀ ਡਵੀਜ ਨ** | 76 ਮਿਤੀ 26-04-2025 ਜੁਰਮ 304,3(5) BNs | ਕੁਲਬੀਰ ਕੋਰ | 1.ਸੁਖਰਾਜ ਸਿੰਘ<br>2. ਕੇਵਲ | ਇਕ ਲਿਖਤੀ ਦਰਖਾਸਤ ਵੱਲੋ ਕੁਲਬੀਰ ਕੋਰ ਨੇ ਦਿੱਤੀ ਜਿਸ ਵਿੱਚ ਦੱਸਿਆ ਕਿ ਮੇਰਾ ਫੋਨ VIVO ਦੀ ਖੋਹ ਗਈ ਹੈASI SATNAM SINGH 213ਹਾਜਰ ਥਾਣਾ ਸੀ ਕਿ ਇਤਲਾਹ ਮਿਲੀ ਕਿ ਅੰਤਰਯਾਮੀ ਕਲੋਨੀ ਵਿੱਚ ਦੋ ਨੋਜਵਾਨਾ ਨੇ ਮੋਟਰਸਾਇਕਲ ਪਰ ਮੋਬਾਇਲ ਫੋਨ VIVO ਦੀ ਖੋਹ ਕਰਕੇ ਭੱਜੇ ਸਨ ਜੋ ਪਬਲਿਕ ਨੇ ਫੜੇ ਹਨ ਮੋਕਾ ਪਰ ਜਾਨ ਤੇ ਫੜੇ ਵਿਅਕਤੀਆ ਦਾ ਨਾਮ ਪਤਾ ਪੁਛਿਆ ਜਿਹਨਾ ਨੇਸੁਖਰਾਜ ਸਿੰਘ ਅਤੇ ਦੂਸਰਾ ਕੇਵਲ ਪੁੱਤਰ ਦੱਸਿਆ **ਜਿਨਾ ਕੋਲੋ ਮੋਟਰਸਾਇਕਲ ਰੰਗ ਕਾਲਾ ਅਤੇ ਮੋਬਾਇਲ ਫੋਨ VIVO ਬ੍ਰਾਮਦ ਹੋਇਆ** ਜਿਸ ਤੇ ਮੁੱਕਦਮਾ ਨੰਬਰ 76 ਮਿਤੀ 27-04-2025 ਜੁਰਮ 304,3(5) BNs ਦਰਜ ਰਜਿਸਟਰ ਕੀਤਾ ਗਿਆ | ASI SATNAM SINGH |